ਜ਼ਰੂਰੀ ਸੀ ਪ੍ਰੋਗਰਾਮਿੰਗ
Essential C Programming
(Parrot Book)

Copyright ©
Written By: Bhupinder Singh, B.E., PEC Chandigarh,
President, EraSoft India, Moga, Cheema, Mobile: 94648-79699

ਭੂਮਿਕਾ

ਉਮਰ ਦੇ ਵੱਖੋ-ਵੱਖਰੇ ਪੜਾਵਾਂ ਤੇ ਇਨਸਾਨ ਦੇ ਵੱਖੋ-ਵੱਖਰੇ ਮਕਸਦ ਹੁੰਦੇ ਹਨ। ਪਰ ਮੈਂ ਸਮਝਦਾ ਹਾਂ ਕਿ ਇੱਕ ਕੰਪਿਊਟਰ ਦੀ ਸਿਖਿਆ ਲੈ ਰਹੇ ਵਿਦਿਆਰਥੀ ਦਾ ਇਹ ਮਕਸਦ ਜ਼ਰੂਰ ਹੋਣਾ ਚਾਹੀਦਾ ਹੈ ਕਿ ਡਿਗਰੀ ਦੌਰਾਨ ਉਹ ਕੁਝ ਅਜਿਹਾ ਸਿੱਖੇ ਜਿਸ ਨਾਲ ਉਹ ਕੋਈ ਲਾਭਕਾਰੀ ਸਾਫਟਵੇਅਰ ਬਣਾ ਸਕੇ, ਜੋ ਕਿ ਖਰੀਦਦਾਰ ਲਈ ਉਪਯੋਗੀ ਸਿੱਧ ਹੋਵੇ ਅਤੇ ਉਸਦਾ ਕੰਮ ਸੌਖਾਲਾ ਬਣਾ ਸਕੇ।

ਸੀ ਪ੍ਰੋਗਰਾਮਿੰਗ ਅਜਿਹੀ ਇੱਕ ਕੰਪਿਊਟਰ ਭਾਸ਼ਾ ਹੈ ਜੋ ਵਿਦਿਆਰਥੀ ਦੇ ਇਸ ਮਕਸਦ ਵਿੱਚ ਪਹਿਲਾ ਪੜਾਅ ਹੈ। ਜੇ ਮੇਰੀ ਇਹ ਕਿਤਾਬ ਪੜਕੇ ਵਿਦਿਆਰਥੀ ਵਿੱਚ ਸਾਫਟਵੇਅਰ ਬਣਾਉਣ ਦੀ ਰੁਚੀ ਪੈਦਾ ਹੁੰਦੀ ਹੈ ਅਤੇ ਉਸਦੀ ਪ੍ਰੋਗਰਾਮਿੰਗ ਕਲਪਨਾ ਉਡਾਣ ਭਰਣ ਲਗਦੀ ਹੈ, ਤਾਂ ਮੈਂ ਸਮਝਦਾ ਹਾਂ ਕਿ ਮੇਰਾ ਲਿਖਣਾ ਸਾਰਥਕ ਹੋਇਆ।

ਬਾਕੀ ਮੈਂ ਸਮਝਦਾ ਹਾਂ ਕਿ ਤਕਨੀਕ ਦਾ ਭਾਸ਼ਾ ਨਾਲ ਕੋਈ ਸਰੋਕਾਰ ਨਹੀਂ ਹੋਣਾ ਚਾਹੀਦਾ। ਸਾਡੇ ਦੇਸ਼ ਦੇ ਕਰੋੜਾਂ ਵਿਦਿਆਰਥੀਆਂ ਲਈ ਇਹ ਬਹੁਤ ਲਾਭਕਾਰੀ ਹੋਵੇਗਾ ਜੇ ਤਕਨੀਕੀ ਡਿਗਰੀਆਂ ਸਾਡੀ ਮਾਤ-ਭਾਸ਼ਾ ਵਿੱਚ ਦਿੱਤੀਆਂ ਜਾਣ। ਇਸ ਨੂੰ ਧਿਆਨ ਵਿੱਚ ਰਖਦੇ ਹੋਏ ਇਹ ਕਿਤਾਬ ਅੰਗਰੇਜ਼ੀ ਦੇ ਨਾਲ-ਨਾਲ ਪੰਜਾਬੀ ਵਿੱਚ ਵੀ ਹੈ। ਮੇਰਾ ਮੰਨਣਾ ਹੈ ਕਿ ਜਲਦੀ ਹੀ ਅਸੀਂ ਪੰਜਾਬੀ, ਹਿੰਦੀ ਅਤੇ ਸਾਡੀਆਂ ਹੋਰ ਖੇਤਰੀ ਭਾਸ਼ਾਵਾਂ ਵਿੱਚ ਵਿਕਸਿਤ ਕੀਤੇ ਕੰਪਾਇਲਰ ਵਰਤ ਰਹੇ ਹੋਵਾਂਗੇ।

ਭੁਪਿੰਦਰ ਸਿੰਘ

ਜ਼ਰੂਰੀ ਸੀ ਪ੍ਰੋਗਰਾਮਿੰਗ
Essential C Programming

1. ਮੁਢਲੀ ਜਾਨਕਾਰੀ (Introduction) -4

2. ਸੀ ਦੇ ਡੇਟਾ ਟਾਈਪ ਅਤੇ ਓਪਰੇਟਰ (Data Types and Operators of C) -7

3. ਕੰਟਰੋਲ ਸਟਰਕਚਰਸ (Control Structures) -9

4. ਐਰੇ (Array) -19

5. ਸਟਰਿੰਗਸ (Strings) -24

6. ਫੰਕਸ਼ਨਸ (Functions) -29

7. ਪੋਇੰਟਰਸ (Pointers) -33

8. ਸਟਰਕਚਰਸ (Structures) -36

9. ਫਾਈਲਾਂ (Files) -38

10. ਸਟੋਰੇਜ ਟਾਈਪਸ (Storage Types) -47

11. ਪਰੀਪਰੋਸੈਸਰ ਡਾਈਰੈਕਟਿਵਸ (Pre-Processor Directives) -49

ਜ਼ਰੂਰੀ ਸੀ ਪ੍ਰੋਗਰਾਮਿੰਗ
Essential C Programming

ਮੁਢਲੀ ਜਾਨਕਾਰੀ (Introduction)

C is a programming language of computer. Whatever you see in computer most of it is a magic of C. Word, Excel everything is made using C.

ਸੀ ਕੰਪਿਊਟਰ ਦੀ ਪ੍ਰੋਗਰਾਮਿੰਗ ਭਾਸ਼ਾ ਹੈ। ਕੰਪਿਊਟਰ ਵਿਚ ਜੋ ਵੀ ਤੁਸੀਂ ਦੇਖਦੇ ਹੋ, ਜਿਆਦਾਤਰ ਸੀ ਦਾ ਹੀ ਕਮਾਲ ਹੈ। ਵਰਡ, ਐਕਸਲ, ਸਬ ਸੀ ਨਾਲ ਹੀ ਬਣਾਏ ਗਏ ਹਨ।

C was invented by Dennis Ritchie around 1973.

ਸੀ ਦੀ ਕਾਢ 1973 ਦੇ ਆਸ ਪਾਸ ਡੈਨਿਸ ਰਿਚੀ ਨੇ ਕੱਢੀ ਸੀ।

When we write C program it is called source code. We compile it and link with C libraries to get executable file, which has instructions that can be understood by the computer. If we run this file the computer works according to the code in this file.

ਜਦੋਂ ਅਸੀਂ ਪ੍ਰੋਗਰਾਮ ਲਿਖਦੇ ਹਾਂ ਤਾਂ ਉਸ ਨੂੰ ਸੋਰਸ ਕੋਡ ਕਿਹਾ ਜਾਂਦਾ ਹੈ। ਇਸ ਨੂੰ ਕੰਪਾਇਲ ਕਰਕੇ ਸੀ ਦੀਆਂ ਲਾਈਬਰੇਰੀਆਂ ਨਾਲ ਲਿੰਕ ਕਰਕੇ ਜੋ ਫਾਈਲ ਬਣਦੀ ਹੈ, ਉਸ ਨੂੰ ਐਕਸੀਕਿਊਟੀਬਲ ਕਿਹਾ ਜਾਂਦਾ ਹੈ, ਜੋ ਕਿ ਕੰਪਿਊਟਰ ਦੇ ਸਮਝਣ ਯੋਗ ਹੁੰਦੀ ਹੈ। ਇਸ ਨੂੰ ਚਲਾਉਣ ਤੇ ਕੰਪਿਊਟਰ ਇਸ ਵਿਚ ਲਿਖੇ ਕੋਡ ਅਨੁਸਾਰ ਚਲਦਾ ਹੈ ।

There are many C compilers. We will use Turbo C to demonstrate all the programs.

ਸੀ ਦੇ ਕਈ ਕੰਪਾਈਲਰ ਹਨ। ਅਸੀਂ ਟਰਬੋ ਸੀ ਕੰਪਾਈਲਰ ਦੁਆਰਾ ਸਾਰੇ ਪ੍ਰੋਗਰਾਮ ਦਰਸ਼ਾਵਾਂਗੇ।

ਸੀ ਦੇ ਪਰੋਗਰਾਮ ਦਾ ਸਟਰਕਚਰ (Structure of a C program)

In C program first of all we tell about those files that we need. Then we write our statements in void main(). The first work is to keep space in memory for our calculations. It is called variable declaration.

ਸੀ ਪ੍ਰੋਗਰਾਮ ਵਿਚ ਸਭ ਤੋਂ ਪਹਿਲਾਂ ਅਸੀਂ ਓਹਨਾਂ ਫਾਈਲਾਂ ਬਾਰੇ ਦਸਦੇ ਹਾਂ ਜੋ ਸਾਨੂੰ ਚਾਹੀਦੀਆਂ ਹਨ। ਫਿਰ ਅਸੀਂ void main() ਵਿਚ ਆਪਨੀਆਂ ਸਟੇਟਮੈਂਟਾਂ ਲਿਖਦੇ ਹਾਂ। ਪਹਿਲਾ ਕੰਮ ਹੁੰਦਾ ਹੈ ਕਿ ਸਾਡੀ ਗਿਣਤੀ-ਮਿਣਤੀ ਲਈ ਮੈਮੋਰੀ ਵਿਚ ਜਗਾ ਬਣਾਈ ਜਾਵੇ। ਇਸ ਨੂੰ ਵੇਰੀਏਬਲ ਡੈਕਲਰੇਸ਼ਨ ਕਿਹਾ ਜਾਂਦਾ ਹੈ।

```
int a;
float b=20, c;
char ch;
```

Here from int a, computer comes to know that it has to keep a space in memory whose name will be a. In this space only int, meaning numbers without decimal point can be kept. Similarly float means that we can keep numbers with decimal points also. By char we mean only one character. In it, apart from 'A', 'B', ……, '1', '2', …… or any other special character like '@', '[', '%' can be kept.

ਇਥੇ int a ਤੋਂ ਕੰਪਿਊਟਰ ਨੂੰ ਪਤਾ ਲਗਦਾ ਹੈ ਕਿ ਉਸਨੇ ਮੈਮੋਰੀ ਵਿਚ ਜਗਾ ਬਨਾਉਣੀ ਹੈ ਜਿਸਦਾ ਨਾਮ a ਰੱਖਣਾ ਹੈ। ਇਸ ਜਗਾ ਵਿਚ int ਜਾਨਿ ਕਿ ਬਿਨਾ ਦਸ਼ਮਲਵ (ਬਿੰਦੂ) ਦੇ ਸੰਖਿਆ (integer) ਹੀ ਰੱਖੀ ਜਾ ਸਕਦੀ ਹੈ। ਇਸ ਤਰਾਂ float ਦਾ ਮਤਲਬ ਹੈ ਕਿ ਸੰਖਿਆ ਦਸ਼ਮਲਵ ਵਾਲੀ ਹੋ ਸਕਦੀ ਹੈ। char ਦਾ ਮਤਲਬ ਹੈ ਕੋਈ ਇਕ ਅਖਰ। ਇਸ ਵਿਚ 'A', 'B', ….. ਤੋਂ ਇਲਾਵਾ '1', '2', …… ਜਾਂ ਕੋਈ ਵੀ ਹੋਰ ਅਖਰ ਜਿਵੇਂ '@', ']', '%', ਆਦਿ ਕੁਝ ਵੀ ਆ ਸਕਦਾ ਹੈ।

Next when we have to show something on screen we have to use printf().

ਫਿਰ ਅਸੀਂ ਜਦ ਸਕਰੀਨ ਤੇ ਕੁਝ ਦਿਖਾਉਣਾ ਹੋਵੇ ਤਾਂ printf() ਵਰਤਿਆ ਜਾਂਦਾ ਹੈ।

printf("Hello World");

The above statement will print Hello World on screen.

ਉਪਰ ਦਿਤੀ ਸਟੇਟਮੈਂਟ ਨਾਲ ਕੰਪਿਊਟਰ ਸਕਰੀਨ ਤੇ Hello World ਦਿਖਾਵੇਗਾ।

If we have to get input (any number from keyboard) from the user, we have to use scanf().

ਜੇ ਅਸੀਂ ਯੂਸਰ (ਕੰਪਿਊਟਰ ਚਲਾਉਣ ਵਾਲਾ) ਤੋਂ ਕੋਈ ਇਨਪੁਟ (ਕੀਬੋਰਡ ਤੋਂ ਕੋਈ ਸ਼ਬਦ ਜਾਂ ਸੰਖਿਆ) ਲੈਣੀ ਹੋਵੇ ਤਾਂ ਅਸੀਂ scanf() ਵਰਤਦੇ ਹਾਂ।

scanf("%d %f", &a, &c);

By the above statement, the first number that user will enter will go into a and the second into b. %d is for telling that the number in int and %f for float. Similarly %c is for char.

ਉਪਰੋਕਤ ਸਟੇਟਮੈਂਟ ਨਾਲ ਯੂਸਰ ਜੋ ਪਹਿਲੀ ਸੰਖਿਆ ਪਾਵੇਗਾ ਉਹ a ਵਿਚ ਜਾਵੇਗੀ ਅਤੇ ਦੂਸਰੀ c ਵਿਚ। %d int ਲਈ ਵਰਤਿਆ ਜਾਂਦਾ ਹੈ ਅਤੇ %f float ਲਈ ਵਰਤਿਆ ਜਾਂਦਾ ਹੈ, ਕਿਉਂਕਿ a int ਹੈ ਅਤੇ c float ਹੈ। ਇਸੇ ਤਰਾਂ %c char ਲਈ ਵਰਤਿਆ ਜਾਂਦਾ ਹੈ।

Whenever we have to do some calculation we do as shown below.

ਜਦ ਅਸੀਂ ਕੋਈ ਗਿਣਤੀ-ਮਿਣਤੀ ਕਰਨੀ ਹੋਵੇ ਤਾਂ ਹੇਠ ਲਿਖੇ ਅਨੁਸਾਰ ਕਰ ਸਕਦੇ ਹੋ।

b=a*c-2;

Here the expression on the right hand side of = will be solved and the answer will go (aqssigned) into b. Remember that on right hand side of =, there can be only one variable,as there is b in the above statement.

ਇਥੇ b ਵਿਚ, = ਦੇ ਸੱਜੇ ਪਾਸੇ ਵਾਲੀ ਅਕਸਪ੍ਰੈਸ਼ਨ ਹੱਲ ਹੋ ਕਿ ਜੋ ਉਤਰ ਆਵੇਗਾ, ਉਹ ਪਵੇਗਾ (ਅਸਾਈਨ ਹੋਵੇਗਾ) । ਯਾਦ ਰੱਖੋ ਕਿ ਖੱਬੇ ਪਾਸੇ ਇਕ ਹੀ ਵੇਰੀਏਬਲ ਹੋ ਸਕਦਾ ਹੈ, ਜਿਵੇਂ ਕਿ ਉਪਰ ਸਟੇਟਮੈਂਟ ਵਿਚ b ਹੈ।

ਸੀ ਦਾ ਪਹਿਲਾ ਪਰੋਗਰਾਮ (First C Program)

You start Turbo C. Use ALT+F, N to create a new file and type the following program in it.

ਤੁਸੀਂ ਟਰਬੋ ਸੀ ਚਲਾਓ। ALT+F, N ਤੋਂ ਨਵੀਂ ਫਾਈਲ ਖੋਲੋ ਅਤੇ ਉਸ ਵਿਚ ਹੇਠ ਲਿਖੇ ਅਨੁਸਾਰ ਪ੍ਰੋਗਰਾਮ ਟਾਈਪ ਕਰੋ।

```
#include<stdio.h>
#include<conio.h>
void main()
{
     int a,b,c;

     clrscr();
     printf("Enter two numbers ");
     scanf("%d %d",&a,&b);

     c=a+b;

     printf("Total is %d",c);

     getch();
}
```

Whenever we have to write a C program, the first thing is to include header files.

ਜਦੋਂ ਵੀ ਅਸੀਂ ਸੀ ਦਾ ਪ੍ਰੋਗਰਾਮ ਲਿਖਣਾ ਹੈ ਤਾਂ ਸਭ ਤੋਂ ਪਹਿਲਾਂ ਹੈਡਰ ਫਾਈਲਾਂ ਇਨਕਲੂਡ ਕਰਨੀਆਂ ਹਨ।

```
#include<stdio.h>
#include<conio.h>
```

We have to write our program with void main(). Start with { and declare your variables first.

ਅਸੀਂ void main() ਨਾਲ ਪ੍ਰੋਗਰਾਮ ਲਿਖਣਾ ਹੈ। { ਸ਼ੁਰੂ ਕਰਕੇ ਸਭ ਤੋਂ ਪਹਿਲਾਂ ਆਪਨੇ ਵੇਰੀਏਬਲ ਲਿਖੋ।

```
int a,b,c;
```

We declare three variables a, b, c. clrscr() is used to to clear the screen. Then using printf() we print on screen, that enter two numbers. Using scanf() we get numbers from keyboard, which go into a and b. %d is for int. Then we add a and b and put the total in c and at the end we print c on screen. getch() is used as wait, so that, after seeing the value of c on screen, we should come to blue screen of editor only after pressing some key.

ਇਥੇ ਅਸੀਂ ਤਿਨ ਵੇਰੀਏਬਲ a, b, c ਡਿਕਲੇਅਰ ਕਰਦੇ ਹਾਂ। clrscr() ਸਕਰੀਨ ਸਾਫ ਕਰਨ ਲਈ ਹੈ। ਫਿਰ ਅਸੀਂ printf() ਨਾਲ ਸਕਰੀਨ ਤੇ ਪਰਿੰਟ ਕਰਦੇ ਹਾਂ ਕਿ ਦੋ ਨੰਬਰ ਭਰੋ। scanf() ਨਾਲ ਅਸੀਂ ਇਹ ਨੰਬਰ ਕੀਬੋਰਡ ਤੋਂ ਲੈਂਦੇ ਹਾਂ ਜੋ ਕਿ a ਅਤੇ b ਵਿਚ ਜਾਂਦੇ ਹਨ। %d ਦਾ ਮਤਲਬ ਹੈ ਕਿ ਨੰਬਰ int ਹਨ। ਫਿਰ ਅਸੀਂ a ਅਤੇ b ਦਾ ਜੋੜ c ਵਿਚ ਪਾਉਂਦੇ ਹਾਂ ਅਤੇ ਅਖੀਰ ਵਿਚ c ਨੂੰ ਪਰਿੰਟ ਕਰਦੇ ਹਾਂ। getch() ਨੂੰ ਵੇਟ ਦੇ ਤੌਰ ਤੇ ਵਰਤਿਆ ਜਾਂਦਾ ਹੈ, ਤਾਂਕਿ c ਦੀ ਕੀਮਤ ਦੇਖਣ ਤੋਂ ਬਾਅਦ ਕੋਈ ਕੀ ਦੱਬਣ ਤੇ ਹੀ ਅਸੀਂ ਵਾਪਿਸ ਐਡੀਟਰ ਦੀ ਨੀਲੀ ਸਕਰੀਨ ਤੇ ਆਈਏ।

ਸੀ ਦੇ ਡੇਟਾ ਟਾਈਪ ਅਤੇ ਓਪਰੇਟਰ (Data Types and Operators of C)

When we declare variables, we have to tell its type, like int, float, char etc. We call it data-types. C has the below written data-types.
ਜਦੋਂ ਅਸੀਂ ਵੇਰੀਏਬਲ ਡਿਕਲੇਅਰ ਕਰਦੇ ਹਾਂ ਤਾਂ ਉਸਦੀ ਟਾਈਪ ਦਸਦੇ ਹਾਂ, ਜਿਵੇਂ int, float, char ਆਦਿ। ਇਸ ਨੂੰ ਡੇਟਾ-ਟਾਈਪ ਕਿਹਾ ਜਾਂਦਾ ਹੈ। ਸੀ ਵਿਚ ਹੇਠ ਲਿਖੇ ਡੇਟਾ-ਟਾਈਪ ਹਨ:

ਡੇਟਾ-ਟਾਈਪ (Data-Type)	**ਮੈਮੋਰੀ (Memory)**	**ਰੇਂਜ (Range)**
int	2 ਬਾਈਟ (Byte)	-32768 ਤੋਂ 32767
float	4 ਬਾਈਟ (Byte)	
long	4 ਬਾਈਟ (Byte)	$-2x10^9$ ਤੋਂ $2x10^9$
double	8 ਬਾਈਟ (Byte)	
char	1 ਬਾਈਟ (Byte)	-128 ਤੋਂ 127

In int and long, we can only keep numbers without decimal points. In float and double we can keep numbers with deimal. In char we can keep only one character. The range of int is less than that of long. Similarly the range of float is less than that of double.

int ਅਤੇ long ਵਿਚ ਬਿਨਾਂ ਦਸ਼ਮਲਵ ਵਾਲੀਆਂ ਸੰਖਿਆਵਾਂ ਹੀ ਰੱਖ ਸਕਦੇ ਹਾਂ। float ਅਤੇ double ਵਿਚ ਦਸ਼ਮਲਵ ਵਾਲੀਆਂ ਸੰਖਿਆਵਾਂ ਰਖਦੇ ਹਾਂ। char ਵਿਚ ਸਿਰਫ ਇਕ ਅਖਰ ਰਖਿਆ ਜਾਂਦਾ ਹੈ। int ਦੀ ਲਿਮਿਟ long ਨਾਲੋਂ ਘੱਟ ਹੁੰਦੀ ਹੈ। ਇਸੇ ਤਰਾਂ float ਦੀ ਲਿਮਿਟ double ਨਾਲੋਂ ਘੱਟ ਹੁੰਦੀ ਹੈ।

ਪਰਿੰਟ ਅਤੇ ਸਕੈਨ ਦੇ ਤਰੀਕੇ

ਟਾਈਪ (Type)	**ਵਰਤੀ ਜਾਂਦੀ ਨੋਟੇਸ਼ਨ (Used Notation)**
Int	%d, %i
Float	%f
Long	%ld
Double	%lf
Char	%c
String (char[])	%s

ਸੀ ਦੇ ਓਪਰੇਟਰ (C Operators)

To make a C program we can use the below written operators.

ਸੀ ਵਿਚ ਪ੍ਰੋਗਰਾਮ ਬਨਾਉਣ ਲਈ ਅਸੀਂ ਹੇਠ ਲਿਖੇ ਓਪਰੇਟਰ ਵਰਤ ਸਕਦੇ ਹਾਂ।

ਅਪਰੇਟਰ (Operator)	**ਕੰਮ (Purpose)**
ਮੈਥੇਮੈਟੀਕਲ (ਗਣਿਤ ਸਬੰਧਿਤ) (Mathematical)	
+	ਜੋੜ ਲਈ (Addition)
-	ਘਟਾਓ ਲਈ (Subtraction)
*	ਗੁਣਾ ਲਈ (Multiplication)
/	ਭਾਗ ਲਈ (Division)

<table>
<tr><td>%</td><td>ਭਾਗ ਕਰਨ ਤੇ ਬਾਕੀ (Remainder) ਲਈ</td></tr>
<tr><td>=</td><td>ਕੀਮਤ ਪਾਉਣ ਲਈ (Assignment)</td></tr>
<tr><td>ਰਿਲੇਸ਼ਨਲ (ਸਬੰਧਿਤ) (Relational)</td><td></td></tr>
<tr><td><</td><td>ਤੋਂ ਛੋਟਾ (Less than)</td></tr>
<tr><td><=</td><td>ਤੋਂ ਛੋਟਾ ਜਾਂ ਬਰਾਬਰ (Less than equal to)</td></tr>
<tr><td>></td><td>ਤੋਂ ਵੱਡਾ (Greater than)</td></tr>
<tr><td>>=</td><td>ਤੋਂ ਵੱਡਾ ਜਾਂ ਬਰਾਬਰ (Greater than equal to)</td></tr>
<tr><td>==</td><td>ਬਰਾਬਰ (Equality)</td></tr>
<tr><td>!=</td><td>ਨਹੀਂ ਬਰਾਬਰ (Not equal to)</td></tr>
<tr><td>ਲੌਜੀਕਲ (ਤਰਕ ਸਬੰਧਿਤ) (Logical)</td><td></td></tr>
<tr><td>&&</td><td>ਅਤੇ (And)</td></tr>
<tr><td>||</td><td>ਜਾਂ (Or)</td></tr>
<tr><td>!</td><td>ਨਹੀਂ (Not)</td></tr>
<tr><td>ਕੁਝ ਹੋਰ ਔਪਰੇਟਰ</td><td></td></tr>
<tr><td>++</td><td>ਇਕ ਵਧਾਓ (Increment one)</td></tr>
<tr><td>--</td><td>ਇਕ ਘਟਾਓ (Decrement one)</td></tr>
</table>

ਕੰਟਰੋਲ ਸਟਰਕਚਰਸ (Control Structures)

ਇਫ ਐਲਸ (if – else)

We use if-else to change the control, based on a result.

if – else ਦੀ ਵਰਤੋਂ ਕਿਸੇ ਨਤੀਜੇ ਦੇ ਅਧਾਰ ਤੇ ਕੰਟਰੋਲ ਬਦਲਣ ਲਈ ਕੀਤੀ ਜਾਂਦੀ ਹੈ।

```
if(age >= 18)
{
     printf("You can get license.");
}
else
{
     printf("Your age is less.");
}
```

As you see, that if the value in age variable is greater thanor equal to 18 we see on the screen that You can get license. Else it prints that you cannot get license.

ਜਿਵੇਂ ਤੁਸੀਂ ਦੇਖਿਆ ਹੈ ਕਿ ਜੇ age ਵੇਰੀਏਬਲ ਦੀ ਕੀਮਤ 18 ਜਾਂ ਇਸ ਤੋਂ ਵੱਧ ਹੈ ਤਾਂ ਸਕਰੀਨ ਤੇ ਦਿਖੇਗਾ ਕਿ ਤੁਹਾਨੂੰ ਲਾਇਸੰਸ ਮਿਲ ਸਕਦਾ ਹੈ। ਨਹੀਂ ਤਾਂ ਪਰਿੰਟ ਹੋਵੇਗਾ ਕਿ ਤੁਹਾਡੀ ਉਮਰ ਘੱਟ ਹੈ।

The meanings of if-else are as below.

if else ਦੇ ਮਤਲਬ ਹੇਠ ਲਿਖੇ ਅਨੁਸਾਰ ਹਨ।

if - ਜੇ
else - ਨਹੀਂ ਤਾਂ
else if - ਨਹੀਂ ਤਾਂ ਜੇ

ਡਿਵੀਜ਼ਨ ਲੱਭਣ ਦਾ ਪ੍ਰੋਗਰਾਮ (Program to Find Division)

We will now make a program which will tell that in which division the student has passed.

ਅਸੀਂ ਹੁਣ ਇਕ ਪ੍ਰੋਗਰਾਮ ਬਣਾਉਂਦੇ ਹਾਂ ਜੋ ਦੱਸੇਗਾ ਕਿ ਵਿਦਿਆਰਥੀ ਕਿਹੜੇ ਦਰਜੇ ਵਿਚ ਪਾਸ ਹੋਇਆ ਹੈ।

```
#include<stdio.h>
#include<conio.h>
void main()
{
      int marks;

      clrscr();
      printf("Enter marks of student: ");
      scanf("%d",&marks);

      if(marks >= 60)
```

```
    {
         printf("First Division");
    }
    else if(marks >= 50)
    {
         printf("Second Division");
    }
    else if( marks >= 33)
    {
         printf("Third Division");
    }
    else
    {
         printf("Fail");
    }

    getch();
}
```

First of all, we declare marks variable and get the input in it. Then we check that if the value in marks is greater than or equal to 60, we print First Division.

ਅਸੀਂ ਸਭ ਤੋਂ ਪਹਿਲਾਂ marks ਵੇਰੀਏਬਲ ਡਿਕਲੇਅਰ ਕਰਕੇ ਇਸ ਵਿਚ ਨੰਬਰ ਇਨਪੁਟ ਕਰਾਉਂਦੇ ਹਾਂ। ਫਿਰ ਅਸੀਂ if ਨਾਲ ਚੈਕ ਕਰਦੇ ਹਾਂ ਕਿ ਜੇ marks ਦੀ ਕੀਮਤ 60 ਜਾਂ ਇਸ ਤੋਂ ਵੱਧ ਹੈ ਤਾਂ ਅਸੀਂ ਫਰਸਟ ਡਿਵੀਜ਼ਨ ਪਰਿੰਟ ਕਰਦੇ ਹਾਂ।

If the value in marks is not greater than or equal to 60, then the next else checks, if marks are greater than or equal to 50. Then we print Second Division. Similary for 33 or more marks we print Third Division.

ਜੇ marks ਦੀ ਕੀਮਤ 60 ਜਾਂ ਇਸ ਤੋਂ ਵੱਧ ਨਹੀਂ ਹੈ ਤਾਂ ਅਗਲਾ else if ਚੈਕ ਕਰਦਾ ਹੈ ਕਿ ਜੇ marks ਦੀ ਕੀਮਤ 50 ਜਾਂ ਇਸ ਤੋਂ ਵੱਧ ਹੈ ਤਾਂ ਅਸੀਂ ਸੈਕੰਡ ਡਿਵੀਜ਼ਨ ਪਰਿੰਟ ਕਰਦੇ ਹਾਂ। ਇਸ ਤਰਾਂ ਹੀ 33 ਜਾਂ ਇਸ ਤੋਂ ਵੱਧ ਲਈ ਥਰਡ ਡਿਵੀਜ਼ਨ।

Similarly in last case else prints Fail.

ਇਸ ਤਰਾਂ ਹੀ ਅਖੀਰਲੇ ਕੇਸ ਵਿਚ else ਨਾਲ ਅਸੀਂ ਫੇਲ ਪਰਿੰਟ ਕਰਦੇ ਹਾਂ।

ਐਂਡ (&&) ਨੂੰ ਦਰਸ਼ਾਉਂਦਾ ਪ੍ਰੋਗਰਾਮ (Program to Demonstrate &&)

We will write a program which will find out if the student has got A grade or not.

ਅਸੀਂ ਇਕ ਪ੍ਰੋਗਰਾਮ ਲਿਖਦੇ ਹਾਂ ਜੋ ਪਤਾ ਕਰੇਗਾ ਕਿ ਵਿਦਿਆਰਥੀ ਨੇ A ਗਰੇਡ ਪ੍ਰਾਪਤ ਕੀਤਾ ਹੈ ਕਿ ਨਹੀਂ।

If the student has got 60 or more marks in subjects and 70 or more marks in sports, than he has got A grade, else B grade.

ਜੇ ਵਿਦਿਆਰਥੀ ਦੇ ਸਬਜੈਕਟਾਂ ਵਿੱਚ 60 ਜਾਂ ਇਸ ਤੋਂ ਉਪਰ ਅੰਕ ਹਨ ਅਤੇ ਖੇਡਾਂ ਵਿਚ 70 ਜਾਂ ਇਸ ਤੋਂ ਉਪਰ ਅੰਕ ਹਨ ਤਾਂ ਉਸਨੇ A ਗਰੇਡ ਪ੍ਰਾਪਤ ਕੀਤਾ ਹੈ, ਨਹੀਂ ਤਾਂ B ਗਰੇਡ।

Here we use && in if for and.

ਇਥੇ if ਵਿਚ && ਨੂੰ ਅਸੀਂ ਅਤੇ ਲਈ ਵਰਤਦੇ ਹਾਂ।

```
#include<stdio.h>
#include<conio.h>
void main()
{
	float sub, sports;

	clrscr();
	printf("Enter subject marks: ");
	scanf("%f", &sub);
	printf("Enter sports marks: ");
	scanf("%f", &sports);

	if(sub >= 60 && sports >=70)
	{
		printf("You passed in A Grade.");
	}
	else
	{
		printf("You passed in B Grade.");
	}

	getch();
}
```

ਲੂਪ (Loop)

In see if we have to do some work many times (repeat), we use loop. for, while and do-while are the three loops that we use in C.

ਸੀ ਵਿਚ ਕੋਈ ਕੰਮ ਵਾਰ-ਵਾਰ ਕਰਨਾ ਹੋਵੇ ਤਾਂ ਅਸੀਂ ਲੂਪ ਵਰਤਦੇ ਹਾਂ। for, while ਅਤੇ do-while, ਇਹ ਤਿੰਨ ਲੂਪ ਅਸੀਂ ਸੀ ਵਿਚ ਵਰਤਦੇ ਹਾਂ।
We write the below program to understand while loop.

ਅਸੀਂ ਹੇਠ ਲਿਖੇ ਕੋਡ ਨਾਲ while ਲੂਪ ਸਮਝਦੇ ਹਾਂ।

```
int i=1;
while(i<=5)
{
	printf("Bhupinder");
	i++;
}
```

With the above code Bhupinder name will be printed 5 times on the screen.

ਉਪਰ ਦਿਤੇ ਕੋਡ ਨਾਲ Bhupinder ਨਾਮ 5 ਵਾਰ ਸਕਰੀਨ ਤੇ ਪਰਿੰਟ ਹੋਵੇਗਾ।

At the very first, we declare an int variable i and put value 1 in it. Then while loop checks if the value in i is less than or equal to 5. This condition is true. Therefor while works and Bhupinder is printed. Then using i++ we increase the value of i by 1, which will become 2 now. Again the control goes back to while. 2 is again less than 5. Therefore Bhupinder is printed again. This happens 5 times and at the end after printing Bhupinder for the fifth time i becomes 6 and the condition of loop becomes false. So the loop ends.

ਸਭ ਤੋਂ ਪਹਿਲਾਂ ਅਸੀਂ i ਨੂੰ int ਡਿਕਲੇਅਰ ਕਰਕੇ ਇਸ ਵਿਚ 1 ਪਾਉਂਦੇ ਹਾਂ। ਫਿਰ while ਲੂਪ ਚੈਕ ਕਰਦੀ ਹੈ ਕਿ ਕੀ i ਦੀ ਕੀਮਤ 5 ਜਾਂ ਇਸ ਤੋਂ ਘੱਟ ਹੈ। ਇਹ ਕੰਡੀਸ਼ਨ ਠੀਕ (true) ਹੈ। ਇਸ ਲਈ while ਚਲਦੀ ਹੈ ਅਤੇ Bhupinder ਪਰਿੰਟ ਹੁੰਦਾ ਹੈ। ਫਿਰ i++ ਨਾਲ ਅਸੀਂ i ਦੀ ਕੀਮਤ ਨੂੰ 1 ਵਧਾਉਣੇ ਹਾਂ ਜੋ ਕਿ ਹੁਣ 2 ਹੋ ਜਾਵੇਗੀ। ਫਿਰ ਤੋਂ ਕੰਟਰੋਲ while ਤੇ ਜਾਂਦਾ ਹੈ। 2 ਵੀ 5 ਤੋਂ ਘੱਟ ਹੈ। ਇਸ ਲਈ Bhupinder ਫਿਰ ਪਰਿੰਟ ਹੁੰਦਾ ਹੈ। ਅਜਿਹਾ ਪੰਜ ਵਾਰ ਹੁੰਦਾ ਹੇ ਅਤੇ ਅਖੀਰ ਵਿਚ ਪੰਜਵੀਂ ਵਾਰ Bhupinder ਪੱਰਿੰਟ ਕਰਨ ਤੋਂ ਬਾਅਦ i ਦੀ ਕੀਮਤ ਜਦੋਂ 6 ਹੁੰਦੀ ਹੈ ਤਾਂ ਲੂਪ ਦੀ ਕੰਡੀਸ਼ਨ ਗਲਤ (false) ਹੋ ਜਾਂਦੀ ਹੈ ਅਤੇ ਲੂਪ ਖਤਮ ਹੋ ਜਾਂਦੀ ਹੈ।

You can make the above program using for loop also. In for loop i=1, i<=5, i++ can be written at one place itself.

ਓਪਰੋਕਤ ਪ੍ਰੋਗਰਾਮ ਤੁਸੀਂ for ਲੂਪ ਨਾਲ ਵੀ ਕਰ ਸਕਦੇ ਹੋ। for ਲੂਪ ਵਿਚ i=1, i<=5 ਅਤੇ i++ ਇਕ ਜਗਾ ਹੀ ਲਿਖੇ ਜਾ ਸਕਦੇ ਹਨ।

```
int i;
for(i=1;i<=5;i++)
{
      printf("Bhupinder\n");
}
```

We see that we have done the three tasks in for loop itself. We differ them through ;. '\n' is for going to new line. Otherwise Bhupinder will be printed 5 times in the same line.

ਅਸੀਂ ਦੇਖਦੇ ਹਾਂ ਕਿ for ਲੂਪ ਨਾਲ ਇਹ ਤਿੰਨੇ ਕੰਮ ਅਸੀਂ for ਵਿਚ ਹੀ ਕਰ ਦਿਤੇ ਹਨ। ਇਨਾਂ ਨੂੰ ਅਸੀਂ ; ਨਾਲ ਵੱਖਰਿਆਂ ਕਰਦੇ ਹਾਂ। '\n' ਨਵੀਂ ਲਾਈਨ ਵਾਸਤੇ ਹੈ। ਨਹੀਂ ਤਾਂ Bhupinder 5 ਵਾਰ ਇਕ ਲਾਈਨ ਵਿਚ ਹੀ ਪਰਿੰਟ ਹੋ ਜਾਵੇਗਾ।

ਡੂ ਵਾਇਲ (do-while) ਲੂਪ

In do-while loop we check the condition after doing the task. At the end of do-while loop we have to put ;

do-while ਲੂਪ ਵਿਚ ਅਸੀਂ ਕੰਡੀਸ਼ਨ ਕੰਮ ਕਰਨ ਤੋਂ ਬਾਅਦ ਵਿਚ ਚੈਕ ਕਰਦੇ ਹਾਂ। ਇਸ ਦੇ ਅੰਤ ਵਿਚ ; ਵੀ ਲਗਾਇਆ ਜਾਂਦਾ ਹੈ।

```
float price;
do
```

```
{
     printf("Enter price");
     scanf("%f", &price);
}while(price <=0);
```

In the above code we scan the price of a thing. If we enter the price less than or equal to 0 (wrong price), do loop will keep on asking to enter price.

ਉਪਰ ਦਿਤੇ ਕੋਡ ਵਿਚ ਅਸੀਂ ਕਿਸੇ ਚੀਜ਼ ਦਾ ਮੁਲ (price) ਸਕੈਨ ਕਰਦੇ ਹਾਂ। ਜਿੰਨੀ ਵਾਰ ਅਸੀਂ 0 ਜਾਂ ਇਸ ਤੋਂ ਘੱਟ ਮੁਲ ਐਂਟਰ ਕਰਾਂਗੇ, ਇਹ ਲੂਪ ਦੁਬਾਰਾ-ਦੁਬਾਰਾ ਮੁਲ ਐਂਟਰ ਕਰਨ ਲਈ ਕਹੇਗਾ।

do-while is executed at least once. Even if the checking condition is false at the start, then also it is sure that the loop will be executed at least once.

do-while ਘੱਟ ਤੋਂ ਘੱਟ ਇਕ ਵਾਰ ਜ਼ਰੂਰ ਚਲਦੀ ਹੈ। ਜੇ ਕੰਡੀਸ਼ਨ ਸ਼ੁਰੂ ਵਿਚ ਹੀ ਫਾਲਸ ਹੋਵੇ, ਤਾਂ ਵੀ ਇਕ ਵਾਰ ਚਲਨਾ ਯਕੀਨੀ ਹੈ।

ਸਵਿੱਚ (switch)

switch statement is also like if-else. In switch a case is executed based on the value of a variable.

switch ਵੀ if-else ਵਾਂਗ ਹੀ ਚਲਦੀ ਹੈ। ਇਸ ਵਿਚ ਕਿਸੇ ਵੇਰੀਏਬਲ ਦੀ ਕੀਮਤ ਦੇ ਅਨੁਸਾਰ ਕੇਸ ਚਲਦੇ ਹਨ।

```
switch(n)
{
     case 1:
          printf("Hockey");
          break;
     case 2:
          printf("Cricket");
          break;
     case 3:
          printf("Volleyball");
          break;
     default:
          printf("Football");
}
```

If there is 1 in n, Hockey is printed. If it is 2 Cricket and if 3 Volleyball is printed. If n has other than these values, Football is printed. In that case default is executed. n variable should be int or char. We have to always put : after case. It is important to put break after every case, other wise after executing one case the control will go to the next case automatically. break ends the switch statement after the case is done.

n ਵਿਚ ਜੇ ਕੀਮਤ 1 ਹੈ ਤਾਂ Hockey ਪਰਿੰਟ ਹੋਵੇਗਾ। ਜੇ 2 ਹੈ ਤਾਂ Cricket, ਜੇ 3 ਹੈ ਤਾਂ Volleyball । ਜੇ ਇਸ ਤੋਂ ਇਲਾਵਾ ਕੋਈ ਹੋਰ ਕੀਮਤ ਹੋਵੇ ਤਾਂ Football ਪਰਿੰਟ ਹੋਵੇਗਾ। ਇਸ ਲਈ default ਲਗਾਇਆ ਜਾਂਦਾ ਹੈ। n ਵੇਰੀਏਬਲ int ਜਾਂ char ਹੋਣਾ ਚਾਹੀਦਾ ਹੈ। case ਦੇ ਪਿਛੇ : ਲਗਾਉਣਾ ਜ਼ਰੂਰੀ ਹੈ। ਹਰ case ਤੋਂ ਬਾਅਦ break ਲਗਾਉਣਾ ਜ਼ਰੂਰੀ

ਹੈ, ਨਹੀਂ ਤਾਂ ਇਕ case ਚਲਣ ਤੋਂ ਬਾਂਅਦ ਕੰਟਰੋਲ ਆਪਨੇ ਆਪ ਦੂਸਰੇ ਕੇਸ ਵਿਚ ਚਲਿਆ ਜਾਵੇਗਾ। break ਪਰਿੰਟਿੰਗ ਤੋਂ ਬਾਅਦ ਕੰਟਰੋਲ ਖਤਮ ਕਰ ਦਿੰਦਾ ਹੈ।

ਬਰੇਕ ਅਤੇ ਕੰਟੀਨਿਊ (break and continue)

break is used to terminate (end) a loop.

break, ਲੂਪ ਨੂੰ ਤੋੜਨ (ਕੰਟਰੋਲ ਖਤਮ ਕਰਨ) ਲਈ ਵਰਤਿਆ ਜਾਂਦਾ ਹੈ।

```
int i=1;
while(i<=10)
{
      if(i==5)
      {
            break;
      }
      printf("Arshdeep");
      i++;
}
```

The above code will print Arshdeep only 4 times. When i is 5, break will terminate the loop.

ਉਪਰ ਦਿਤੀ ਲੂਪ ਸਿਰਫ 4 ਵਾਰ Arshdeep ਪਰਿੰਟ ਕਰੇਗੀ। ਜਦੋਂ i ਦੀ ਕੀਮਤ 5 ਹੋ ਜਾਵੇਗੀ ਤਾਂ break ਲੂਪ ਨੂੰ ਖਤਮ ਕਰ ਦੇਵੇਗਾ।

continue makes the loop to skip the statements, that come after continue, when the condition for continue is true. It does not terminate the loop like break does.

continue ਨਾਲ ਲੂਪ ਉਸ ਜਗਾ ਤੋਂ ਹੀ ਮੁੜ ਜਾਂਦੀ ਹੈ ਅਤੇ continue ਤੋਂ ਬਾਅਦ ਆਉਣ ਵਾਲੀਆਂ ਸਟੇਟਮੈਂਟਾ ਨੂੰ ਸਕਿਪ (ਛੱਡ) ਕਰ ਜਾਂਦੀ ਹੈ। break ਦੀ ਤਰਾਂ ਲੂਪ ਖਤਮ ਨਹੀਂ ਹੁੰਦੀ।

```
int i;
for(i=1;i<=10;i++)
{
      if(i==5)
      {
            continue;
      }
      printf("Akashdeep");
}
```

When i is 5, the statements that come after continue will be skipped. Means Akashdeep will not be printed. So Akashdeep will be printed only 9 times.

ਜਦੋਂ i ਦੀ ਕੀਮਤ 5 ਹੋਵੇਗੀ ਤਾਂ continue ਤੋਂ ਬਾਅਦ ਵਾਲੀਆਂ ਸਟੇਟਮੈਂਟਾਂ ਸਕਿਪ ਹੋ ਜਾਣਗੀਆਂ। ਮਤਲਬ Akashdeep ਪਰਿੰਟ ਨਹੀਂ ਹੋਵੇਗਾ। ਇਸ ਤਰਾਂ Akashdeep ਸਿਰਫ 9 ਵਾਰ ਪਰਿੰਟ ਹੋਵੇਗਾ।

ਪਰਾਈਮ ਨੰਬਰ ਦਾ ਪ੍ਰੋਗਰਾਮ (Program to Find Prime Number)

A prime number is a number that cannot be divided by any number. It can be divided only by 1 and itself.

ਪਰਾਈਮ ਨੰਬਰ ਓਹ ਸੰਖਿਆ ਹੁੰਦੀ ਹੈ ਜੋ ਕਿਸੇ ਨਾਲ ਵੰਡੀ ਨਹੀਂ ਜਾਂਦੀ। ਸਿਰਫ 1 ਜਾਂ ਆਪਨੇ ਆਪ ਨਾਲ ਹੀ ਵੰਡੀ ਜਾਂਦੀ ਹੈ।

Now we make a program that will tell, if the entered number is prime or not.

ਹੁਣ ਅਸੀਂ ਪ੍ਰੋਗਰਾਮ ਬਣਾਉਂਦੇ ਹਾਂ ਜੋ ਦੱਸੇਗਾ ਕਿ ਐਂਟਰ ਕੀਤੀ ਗਈ ਸੰਖਿਆ ਪ੍ਰਾਈਮ ਹੈ ਜਾਂ ਨਹੀਂ।

```
#include<stdio.h>
#include<conio.h>
void main()
{
      int n, i, p=1;

      clrscr();
      printf("Enter a number: ");
      scanf("%d", &n);

      for(i=2;i<n;i++)
      {
            if(n%i==0)
            {
                  p=0;
                  break;
            }
      }
      if(p==1)
      {
            printf("Prime");
      }
      else
      {
            printf("Not Prime");
      }

      getch();
}
```

We scan the entered number in n. The starting value of p is kept 1. The loop starts from 2 and goes 1 less than n. If n is completely dividable by i, we make p as 1 and break the loop.

ਅਸੀਂ ਐਂਟਰ ਕੀਤੀ ਗਈ ਸੰਖਿਆ n ਵਿਚ ਸਕੈਨ ਕਰਦੇ ਹਾਂ। p ਨੂੰ ਸ਼ੁਰੂਆਤੀ ਕੀਮਤ 1 ਦਿੱਤੀ ਜਾਂਦੀ ਹੈ। ਲੂਪ 2 ਤੋਂ ਸ਼ੁਰੂ ਹੋ ਕਿ n ਤੋਂ ਘੱਟ ਤੱਕ ਚਲਦੀ ਹੈ। ਜੇ n, i ਨਾਲ ਪੂਰਾ-ਪੂਰਾ ਵੰਡਿਆ ਜਾਂਦਾ ਹੈ ਤਾਂ p ਨੂੰ 0 ਕਰ ਦਿਤਾ ਜਾਂਦਾ ਹੈ ਅਤੇ break ਨਾਲ ਲੂਪ ਖਤਮ ਕਰ ਦਿੱਤੀ ਜਾਂਦੀ ਹੈ।

After the loop ends we check the value of p. If it is 1, it means that n was never divided by any value of i. Otherwise the value of p would have become 0. So if the value of p is 1, the number is prime, otherwise not.

ਲੂਪ ਖਤਮ ਹੋਣ ਤੋਂ ਬਾਅਦ ਅਸੀਂ p ਦੀ ਕੀਮਤ ਚੈਕ ਕਰਦੇ ਹਾਂ। ਜੇ ਕੀਮਤ 1 ਹੈ ਤਾਂ ਮਤਲਬ ਹੈ ਕਿ n ਕਦੇ ਵੀ i ਨਾਲ ਵੰਡਿਆ ਨਹੀਂ ਗਿਆ। ਨਹੀਂ ਤਾਂ p ਦੀ ਕੀਮਤ 0 ਹੋ ਜਾਣੀ ਸੀ। ਸੋ ਜੇ p ਦੀ ਕੀਮਤ 1 ਹੈ ਤਾਂ n ਪਰਾਈਮ ਨੰਬਰ ਹੈ। ਨਹੀਂ ਤਾਂ n ਪਰਾਈਮ ਨਹੀਂ ਹੈ।

ਫੈਕਟੋਰੀਅਲ ਦਾ ਪ੍ਰੋਗਰਾਮ (Program of Factorial)

Factorial means starting form 2, multiply by every number upto the given number. As you see the factorial of 5 is as given below.

ਫੈਕਟੋਰੀਅਲ ਦਾ ਮਤਲਬ ਹੈ ਕਿ 2 ਤੋਂ ਲੈ ਕੇ ਉਸ ਸੰਖਿਆ ਤੱਕ ਸਾਰੇ ਨੰਬਰਾਂ ਤੱਕ ਗੁਣਾ। ਜਿਵੇਂ 5 ਦਾ ਫੈਕਟੋਰੀਅਲ ਹੈ
5 x 4 x 3 x 2 = 120

Now we will enter a number and find its factorial.

ਅਸੀਂ ਹੁਣ ਕੋਈ ਸੰਖਿਆ ਐਂਟਰ ਕਰਾਂਗੇ ਅਤੇ ਉਸ ਦਾ ਫੈਕਟੋਰੀਅਲ ਲਭਾਂਗੇ।

```
#include<stdio.h>
#include<conio.h>
void main()
{
	int n, i;
	long r=1;

	clrscr();
	printf("Enter a number: ");
	scanf("%d", &n);

	for(i=n;i>=2;i--)
	{
		r=r*i;
	}

	printf("Factorial is %ld",r);

	getch();
}
```

The factorial answer is kept in r. The factorial can be easily greater than the limit of an int which is 32767. Therefor we keep r as long. The starting value of r is kept 1.

ਫੈਕਟੋਰੀਅਲ ਉੱਤਰ r ਵਿਚ ਰੱਖਿਆ ਜਾਵੇਗਾ। ਇਹ ਉੱਤਰ int ਦੀ ਲਿਮਿਟ 32767 ਤੋਂ ਵਧ ਵੀ ਸਕਦਾ ਹੈ। ਇਸ ਲਈ r ਨੂੰ long ਰੱਖਿਆ ਗਿਆ ਹੈ। r ਦੀ ਸ਼ੁਰੂਆਤੀ ਕੀਮਤ 1 ਰੱਖੀ ਜਾਂਦੀ ਹੈ।

We keep the initial value of i equal to the value of n (entered number) and decrease it one by one (i--) to 2 for the loop. Every time we multiply the value of i with r to get the new vaue of r. Therefore

when the loop works for the first time, the value of r will be 5 (if the entered number was 5). Next time r will be 5x4=20, then 20x3=60 and at last 60x2=120, which is the factorial of 5. After the loop ends we print the factorial.

i ਨੂੰ n ਦੀ ਕੀਮਤ ਤੋਂ ਸ਼ੁਰੂ ਕਰਕੇ ਇਕ-ਇਕ ਘਟਾ ਕੇ (i--), 2 ਤੱਕ ਲੂਪ ਚਲਾਈ ਜਾਂਦੀ ਹੈ। ਹਰ ਵਾਰ i ਦੀ ਕੀਮਤ ਨਾਲ ਗੁਣਾ ਕਰਕੇ r ਦੀ ਨਵੀਂ ਕੀਮਤ ਬਣਾਈ ਜਾਂਦੀ ਹੈ। ਇਸ ਤਰਾਂ r ਦੀ ਪਹਿਲੀ ਵਾਰ ਲੂਪ ਚਲਣ ਤੇ ਕੀਮਤ 5 ਹੋ ਜਾਵੇਗੀ (ਜੇ n 5 ਐਂਟਰ ਕੀਤਾ ਸੀ)। ਫਿਰ 5 x 4 = 20, ਫਿਰ 20 x 3 = 60 ਅਤੇ ਅਖੀਰ ਵਿਚ 60 x 2 = 120 ਹੋ ਜਾਵੇਗੀ ਜੋ ਕਿ 5 ਦਾ ਫੈਕਟੋਰੀਅਲ ਹੋਵੇਗਾ। ਲੂਪ ਖਤਮ ਹੋਣ ਤੋਂ ਬਾਅਦ ਅਸੀਂ ਇਸ ਨੂੰ ਪਰਿੰਟ ਕਰਦੇ ਹਾਂ।

ਕਿਸੇ ਸੰਖਿਆ ਦੇ ਅੰਕਾਂ ਨੂੰ ਜੋੜਨ ਦਾ ਪ੍ਰੋਗਰਾਮ (Program to Find Sum of Digits of a Number)

Suppose we enter 5346. We have to make a program that will add its digits, meaning
5 +4 +3 +6 = 18

ਜਿਵੇਂ ਮਨ ਲਵੋ ਅਸੀਂ ਨੰਬਰ 5346 ਐਂਟਰ ਕਰਦੇ ਹਾਂ। ਅਸੀਂ ਪ੍ਰੋਗਰਾਮ ਬਨਾਉਣਾ ਹੈ ਜੋ ਇਸਦੇ ਅੰਕਾ ਦਾ ਜੋੜ ਕਰੇ, ਮਤਲਬ 5 + 3 + 4 + 6 = 18

```
#include<stdio.h>
#include<conio.h>
void main()
{
      long n;
      int d, sum=0;

      clrscr();
      printf("Enter a number: ");
      scanf("%ld", &n);

      while(n>0)
      {
            d=n%10;
            n=n/10;
            sum=sum+d;
      }

      printf("Total of digits is %d", sum);

      getch();

}
```

We scan the number in n. Suppose we have entered 5346. The starting value of sum is kept 0.

ਸੰਖਿਆ n ਵਿਚ ਸਕੈਨ ਕੀਤੀ ਜਾਂਦੀ ਹੈ। ਮੰਨ ਲਵੋ ਅਸੀਂ 5346 ਐਂਟਰ ਕੀਤਾ ਹੈ। sum ਦੀ ਸ਼ੁਰੂਆਤੀ ਕੀਮਤ 0 ਰੱਖੀ ਜਾਂਦੀ ਹੈ।

In loop we check if the value of n is greater than 0. Because the value of n is 5346, which is greater than 0, the condition is true. After dividing n by 10, the remainder is the value of d.

ਲੂਪ ਵਿਚ ਅਸੀਂ ਚੈਕ ਕਰਦੇ ਹਾਂ ਕਿ ਕੀ n ਦੀ ਕੀਮਤ 0 ਤੋਂ ਵੱਧ ਹੈ। ਕਿਉਂਕਿ n ਦੀ ਕੀਮਤ 5346 ਹੈ ਜੋ ਕਿ 0 ਤੋਂ ਵੱਧ ਹੈ, ਇਸ ਲਈ ਕੰਡੀਸ਼ਨ ਟਰੂ ਹੈ। n ਨੂੰ 10 ਨਾਲ ਭਾਗ ਕਰਕੇ ਜੋ ਬਾਕੀ ਬਚਦਾ ਹੈ ਓਹ d ਦੀ ਕੀਮਤ ਹੋਵੇਗੀ।

```
d = n % 10 ;
```

So the value of d will be 6. then we divide n by 10 and the quotient is the new value of n.

ਸੋ d ਦੀ ਕੀਮਤ 6 ਹੋਵੇਗੀ। ਫਿਰ n ਦੀ ਨਵੀਂ ਕੀਮਤ, n ਨੂੰ 10 ਨਾਲ ਭਾਗ ਕਰਕੇ ਜੋ ਉਤਰ ਆਉਂਦਾ ਹੈ, ਉਹ ਹੋਵੇਗੀ।

```
n = n / 10 ;
```

So it will be 534.

ਸੋ ਇਹ 534 ਹੋਵੇਗੀ।

The value of sum will be sum= sum + d which is 0 + 6 = 6.

sum ਦੀ ਕੀਮਤ sum = sum + d ਜੋ ਕਿ 0 + 6=6 ਬਣਦੀ ਹੈ।

The control again goes to while. The new value of n was 534, which is again greater than 0. Therefore the work explained above will be done again and d will be 4, n will be 53 and sum will become 6 + 4 = 10.

ਕੰਟਰੋਲ ਦੁਬਾਰਾ ਤੋਂ while ਤੇ ਜਾਵੇਗਾ। n ਦੀ ਨਵੀਂ ਕੀਮਤ (534) ਚੈਕ ਕੀਤੀ ਜਾਂਦੀ ਹੈ ਜੋ ਕਿ 0 ਤੋਂ ਵੱਧ ਹੈ। ਇਸ ਲਈ ਉਪਰ ਸਮਝਾਇਆ ਗਿਆ ਕਮ ਫਿਰ ਹੁੰਦਾ ਹੈ ਅਤੇ d ਦੀ ਕੀਮਤ 4, n ਦੀ ਕੀਮਤ 53 ਅਤੇ sum ਦੀ ਕੀਮਤ 6 + 4 = 10 ਹੋ ਜਾਵੇਗੀ।

This way loop will keep on continuing and at the end sum will become 6 + 4 + 3 + 5 = 18. Loop will break at the end when n becomes 0.

ਇਸ ਤਰਾਂ ਲੂਪ ਚਲਦੀ ਜਾਵੇਗੀ ਅਤੇ ਅਖੀਰ ਤੇ sum ਦੀ ਕੀਮਤ 6 + 4 + 3 + 5 = 18 ਹੋ ਜਾਵੇਗੀ ਅਤੇ n ਦੀ ਕੀਮਤ 0 ਹੋ ਕੇ ਲੂਪ ਖਤਮ ਹੋ ਜਾਵੇਗੀ।

At the end we print the value of sum.

sum ਦੀ ਕੀਮਤ ਅਖੀਰ ਵਿਚ ਪਰਿੰਟ ਕੀਤੀ ਜਾਂਦੀ ਹੈ।

ਐਰੇ (Array)

When we have to make a number of variables of same type, we use array. In array all the variables of the array have same name. They are identified by index.

ਜਦੋਂ ਅਸੀਂ ਇੱਕ ਹੀ ਟਾਈਪ ਦੇ ਕਿੰਨ੍ਹੇ ਹੀ ਵੇਰੀਏਬਲ ਬਨਾਉਣੇ ਹੋਣ ਤਾਂ ਅਸੀਂ ਐਰੇ ਵਰਤਦੇ ਹਾਂ। ਐਰੇ ਵਿਚ ਸਾਰੇ ਵੇਰੀਏਬਲਾਂ ਦਾ ਨਾਮ ਇੱਕ ਹੀ ਹੁੰਦਾ ਹੈ। ਇੰਡਕਸ ਨਾਲ ਅਸੀਂ ਇੱਕ ਵੇਰੀਏਬਲ ਦਾ ਦੂਸਰੇ ਨਾਲੋਂ ਫਰਕ ਕਰਦੇ ਹਾਂ।

int num[10];

Above we make an array of 10 int variables. The very first variable of array is num[0] and the last is num[9]. We see that the index of arrays start from 0 and goes on less than the size of array, meaning in the above example it goes until 9.

ਉਪਰ ਅਸੀਂ 10 int ਸੰਖਿਆਵਾਂ ਦਾ ਐਰੇ ਬਨਾਇਆ ਹੈ। ਸਭ ਤੋਂ ਪਹਿਲੀ ਸੰਖਿਆ num[0] ਹੋਵੇਗੀ ਅਤੇ ਸਭ ਤੋਂ ਅਖੀਰੀ ਸੰਖਿਆ num[9] ਹੋਵੇਗੀ। ਅਸੀਂ ਦੇਖਦੇ ਹਾਂ ਕਿ ਐਰੇ ਦਾ ਇੰਡਕਸ 0 ਤੋਂ ਸ਼ੁਰੂ ਹੰਦਾ ਹੈ ਅਤੇ ਸਾਈਜ਼ ਤੋਂ ਇੱਕ ਘੱਟ, ਮਤਲਬ ਉਪਰ ਦਿੱਤੀ ਉਦਾਹਰਣ ਲਈ 9 ਤੱਕ ਹੁੰਦਾ ਹੈ।

ਖੋਜ (search)

Now we make a program that will find out if the given number is in the list of entered numbers.

ਹੁਣ ਅਸੀਂ ਇੱਕ ਪ੍ਰੋਗਰਾਮ ਬਨਾਉਂਦੇ ਹਾਂ ਜੋ ਦੱਸੇਗਾ ਕਿ ਪੁਛਿਆ ਗਿਆ ਨੰਬਰ ਲਿਸਟ ਵਿੱਚ ਹੈ ਕਿ ਨਹੀਂ।

```
#include<stdio.h>
#include<conio.h>
void main()
{
	int num[10], i, t;
	int flag=0;

	clrscr();
	printf("Enter 10 numbers \n");
	for(i=0;i<=9;i++)
	{
		scanf("%d", &num[i]);
	}
	printf("Enter the number to find : ");
	scanf("%d", &t);

	for(i=0;i<=9;i++)
	{
		if(t==num[i])
		{
			flag=1;
```

```
                break;
            }
        }
        if(flag==1)
        {
            printf("Number found.");
        }
        else
        {
            printf("Number not found.");
        }
        getch();
}
```

We scan 10 numbers using for loop in num array. Then we scan the number to find in t. The starting value of flag is kept 0. Then in the second for loop, we compare the value of num[i] with the value of t. If they are equal it means, the number is in the array. We then make the value of flag as 1 and break the loop. At the end we check the value of flag. If it is 1, the number is in the list array. Otherwise, it means the value of flag remained 0, because the if statement in the for loop never got executed. So the number is not in the list array.

ਅਸੀਂ 10 ਸੰਖਿਆਵਾਂ num ਐਰੇ ਵਿਚ for ਲੂਪ ਲਗਾ ਕੇ ਸਕੈਨ ਕਰਦੇ ਹਾਂ। ਫਿਰ ਅਸੀਂ ਜੋ ਸੰਕਿਆ ਲੱਭਣੀ ਹੈ, t ਵਿੱਚ ਸਕੈਨ ਕਰਦੇ ਹਾਂ। flag ਦੀ ਸ਼ੁਰੂਆਤੀ ਕੀਮਤ 0 ਰੱਖੀ ਜਾਂਦੀ ਹੈ। ਫਿਰ ਦੂਸਰੀ for ਲੂਪ ਵਿੱਚ if ਲਗਾ ਕੇ ਅਸੀਂ ਦੇਖਦੇ ਹਾਂ ਕਿ ਕੀ num[i] ਦੀ ਕੀਮਤ t ਵਿਚਲੀ ਕੀਮਤ ਦੇ ਬਰਾਬਰ ਹੈ। ਜੇ ਹੈ ਤਾਂ ਮਤਲਬ ਨੰਬਰ ਲਿਸਟ ਵਿੱਚ ਹੈ। ਅਸੀਂ ਫਿਰ flag ਨੂੰ 1 ਕਰਕੇ ਲੂਪ ਤੋੜ ਦਿੰਦੇ ਹਾਂ। ਅਖੀਰ ਵਿੱਚ ਅਸੀਂ flag ਦੀ ਕੀਮਤ ਚੈਕ ਕਰਦੇ ਹਾਂ। ਜੇ ਇਹ 1 ਹੈ ਤਾਂ ਸੰਖਿਆ, ਐਂਟਰ ਕੀਤੀ ਲਿਸਟ ਵਿੱਚ ਹੈ। ਜੇ ਨਹੀਂ ਤਾਂ ਇਸ ਦਾ ਮਤਲਬ ਹੈ ਕਿ flag ਦੀ ਕੀਮਤ 0 ਹੀ ਰਹਿ ਗਈ ਹੈ ਕਿਉਂਕਿ for ਵਿੱਚ ਲੱਗੀ if ਨਹੀਂ ਚੱਲੀ। ਇਸ ਲਈ ਨੰਬਰ ਲਿਸਟ ਵਿੱਚ ਨਹੀਂ ਹੈ।

ਸੌਰਟ (Sort) – ਤਰਤੀਬਵਾਰ ਕਰਨਾ

We sort the 10 numbers entered in an array in ascending order.

ਅਸੀਂ ਐਰੇ ਵਿੱਚ ਲਏ ਗਏ 10 ਨੰਬਰਾਂ ਨੂੰ ਵਧਦੇ ਕਰਮ ਵਿੱਚ ਤਰਤੀਬ ਦਿੰਦੇ ਹਾਂ।

```
#include<stdio.h>
#include<conio.h>
void main()
{
        int num[10], i, j, temp;

        clrscr();
        printf("Enter 10 numbers \n");
        for(i=0;i<=9;i++)
        {
            scanf("%d", &num[i]);
        }

        for(i=0;i<=8;i++)
        {
```

```
        for(j=i+1;j<=9;j++)
        {
            if(num[i]>num[j])
            {
                temp=num[i];
                num[i]=num[j];
                num[j]=temp;
            }
        }
    }

    printf("Sorted list \n");
    for(i=0;i<=9;i++)
    {
        printf("%d\n",num[i]);
    }

    getch();
}
```

First of all we scan 10 numbers in an array.
The second for loop is to sort the numbers. Our method is that we take the first number and compare it with remaining 9 numbers. If it is greater than any of the numbers we interchange it with that number using temp variable. Therefore at the very beginning when the value of i is 0, the nested for loop with j variable will get executed and we will get the smallest value in num[0].

ਸਭ ਤੋਂ ਪਹਿਲਾਂ ਅਸੀਂ 10 ਸੰਖਿਆਵਾਂ num ਐਰੇ ਵਿਚ ਸਕੈਨ ਕਰਦੇ ਹਾਂ।
ਦੂਸਰੀ for ਲੂਪ ਤਰਤੀਬ ਦਿੰਦੀ ਹੈ। ਸਾਡਾ ਤਰੀਕਾ ਹੈ ਕਿ ਪਹਿਲੀ ਸੰਖਿਆ ਲਈਏ ਅਤੇ ਉਸਦੀ ਬਾਕੀ ਦੀਆਂ 9 ਸੰਖਿਆਵਾਂ ਨਾਲ ਤੁਲਨਾ ਕਰੀਏ। ਜੇ ਉਹ ਵੱਡੀ ਹੈ ਤਾਂ temp ਵੇਰੀਏਬਲ ਦੀ ਵਰਤੋਂ ਕਰਕੇ ਉਸਨੂੰ ਪਿੱਛੇ ਕਰ ਦੇਈਏ ਅਤੇ ਦੂਸਰੀ ਸੰਖਿਆ ਨੂੰ ਅੱਗੇ ਕਰ ਦੇਈਏ। ਇਸ ਤਰਾਂ ਸਭ ਤੋਂ ਪਹਿਲੀ ਵਾਰ ਜਦ i ਦੀ ਕੀਮਤ 0 ਹੋਵੇਗੀ ਤਾਂ j ਵਾਲੀ ਲੂਪ ਚਲ ਕੇ num[0] ਵਿਚ ਸਭ ਤੋਂ ਛੋਟੀ ਸੰਖਿਆ ਆ ਜਾਵੇਗੀ।

Next the value of i will become 1 and j loop goes from 1 to 9. So the second smallest value will come in num[1].

ਫਿਰ i ਦੀ ਕੀਮਤ 1 ਹੋ ਜਾਵੇਗੀ ਅਤੇ j ਦੀ ਲੂਪ 1 ਤੋਂ 9 ਤੱਕ ਚਲ ਕੇ ਵਿਚ ਦੂਸਰੀ ਛੋਟੀ ਸੰਖਿਆ num[1] ਲੈ ਆਵੇਗੀ।

This will keep on continuing and at the last num[9] will contain the highest value.

ਇਸ ਤਰਾਂ ਚਲਦਾ ਰਹੇਗਾ ਅਤੇ ਅਖੀਰ ਵਿੱਚ num[9] ਵਿੱਚ ਸਭ ਤੋਂ ਵੱਡੀ ਸੰਖਿਆ ਹੋਵੇਗੀ।

The last loop prints the numbers of array, which are sorted now.

ਅਖੀਰ ਵਿੱਚ ਅਸੀਂ for ਲੂਪ ਲਗਾ ਕੇ ਸਾਰੇ ਨੰਬਰ ਪਰਿੰਟ ਕਰਦੇ ਹਾਂ ਜੋ ਕਿ ਹੁਣ ਤਰਤੀਬਵਾਰ (sorted) ਹੋਣਗੇ।

ਇਕ ਤੋਂ ਵਧ ਡਾਈਮੈਂਸ਼ਨ ਦਾ ਐਰੇ (Multi Dimesnsion Array)

Until now we have made only single dimension array. But we can make any dimension array.

ਅਸੀਂ ਹੁਣ ਤੱਕ ਇਕ ਡਾਈਮੈਂਸ਼ਨ ਦਾ ਹੀ ਐਰੇ ਬਣਾਇਆ ਹੈ। ਪਰ ਅਸੀਂ ਜਿਨੀਆਂ ਮਰਜੀ ਡਾਈਮੈਂਸ਼ਨ ਦਾ ਐਰੇ ਬਣਾ ਸਕਦੇ ਹਾਂ।

Suppose we have to sum two 3 x 3 matrices. In matrix we have rows and columns. So it is a two dimensional. Therefore we make 2 dimension array.

ਮੰਨ ਲਵੋ ਅਸੀਂ 2 3 x 3 ਦੇ ਮੈਟਰੀਸਾਂ ਦਾ ਜੋੜ ਕਰਨਾ ਹੈ। ਮੈਟਰਿਕਸ ਵਿਚ ਰੋ ਅਤੇ ਕਾਲਮ ਹੁੰਦੇ ਹਨ। ਇਸ ਲਈ ਇਹ 2 ਡਾਈਮੈਂਸ਼ਨ ਹੈ। ਅਸੀਂ 2 ਡਾਈਮੈਂਸ਼ਨ ਦਾ ਐਰੇ ਲਵਾਂਗੇ।

```
#include<stdio.h>
#include<conio.h>
void main()
{
     int m[3][3], n[3][3], p[3][3];
     int i,j;

     clrscr();
     printf("Enter first matrix data\n");
     for(i=0;i<=2;i++)
     {
          for(j=0;j<=2;j++)
          {
               scanf("%d", &m[i][j]);
          }
     }

     printf("Enter second matrix data\n");
     for(i=0;i<=2;i++)
     {
          for(j=0;j<=2;j++)
          {
               scanf("%d", &n[i][j]);
          }
     }


     for(i=0;i<=2;i++)
     {
          for(j=0;j<=2;j++)
          {
               p[i][j]=m[i][j]+n[i][j];
          }
     }

     printf("Total Matrix\n");
     for(i=0;i<=2;i++)
```

```
    {
        for(j=0;j<=2;j++)
        {
            printf("%4d", p[i][j]);
        }
        printf("\n");
    }

    getch();
}
```

First we scan the numbers of first matrix in m array and the numbers of second in n array. Then we add them and put in p array.

ਅਸੀਂ ਪਹਿਲਾਂ m ਐਰੇ ਵਿਚ ਪਹਿਲੇ ਮੈਟਰਿਕਸ ਦੀਆਂ ਸੰਖਿਆਵਾਂ ਲੈਂਦੇ ਹਾਂ ਅਤੇ n ਐਰੇ ਵਿੱਚ ਦੂਸਰੇ ਮੈਟਰਿਕਸ ਦੀਆਂ। ਫਿਰ ਅਸੀਂ p ਐਰੇ ਵਿਚ ਇਹਨਾਂ ਦੋਨਾਂ ਮੈਟਰਿਸਾਂ ਦਾ ਜੋੜ ਪਾਉਣੇ ਹਾਂ।

At the end we print p matrix. We provide 4 spaces for each number of p matrix for printing. After each row is ended we go to new line using '\n'. This is done so that the matrix is displayed in proper readable format.

ਅਖੀਰ ਵਿਚ ਅਸੀਂ p ਮੈਟਰਿਕਸ ਨੂੰ ਪਰਿੰਟ ਕਰਦੇ ਹਾਂ। ਅਸੀਂ p ਮੈਟਰਿਕਸ ਦੀ ਹਰ ਸੰਖਿਆ ਨੂੰ 4 ਥਾਵਾਂ ਪਰਿੰਟ ਲਈ ਦਿੰਦੇ ਹਾਂ। ਹਰ ਰੋ ਖਤਮ ਹੋਣ ਤੋਂ ਬਾਅਦ '\n' ਪਰਿੰਟ ਕਰਕੇ ਨਵੀਂ ਲਾਈਨ ਬਣਾਉਂਦੇ ਹਾਂ ਤਾਂਕਿ ਮੈਟਰਿਕਸ ਠੀਕ ਤਰਾਂ ਸਕਰੀਨ ਉਪਰ ਦਿਖੇ।

ਸਟਰਿੰਗਸ (Strings)

String is basically a line. As we know single character (char), if we have an array of number of characters we call it a String. For knowing the end of String we use NULL. NULL can also be written as '\0'.

ਸਟਰਿੰਗ ਇੱਕ ਲੜੀ ਨੂੰ ਕਿਹਾ ਜਾਂਦਾ ਹੈ। ਜਿਵੇਂ ਕਿ ਕਰੈਕਟਰ (char) ਇੱਕ ਅੱਖਰ ਨੂੰ ਕਿਹਾ ਜਾਂਦਾ ਹੈ, ਜੇ ਅੱਖਰਾਂ ਦੀ ਲੜੀ ਇੱਕ ਐਰੇ ਵਿੱਚ ਰੱਖੀਏ ਤਾਂ ਉਸ ਨੂੰ ਸਟਰਿੰਗ ਕਿਹਾ ਜਾਂਦਾ ਹੈ। ਲੜੀ ਦਾ ਅੰਤ ਦੱਸਣ ਲਈ ਅਸੀਂ ਨੱਲ (NULL) ਵਰਤਦੇ ਹਾਂ। ਨੱਲ ਨੂੰ ਅਸੀਂ '\0' ਵੀ ਲਿੱਖ ਸਕਦੇ ਹਾਂ।

```
char name[]={'H','A','P','P','Y','\0'};
printf("%s",name);
```

The above statements result will be Happy printed on screen. we see that name is an array. We have kept Happy string in it. You can see that we have kept null ('\0') at the end of Happy. We need not tell even the size of array, the compiler will count the characters in Happy and automatically make array of that size. In the above case the size of array will be kept 6. We can also make a string in an easy way.

ਉਪਰੋਕਤ ਸਟੇਟਮੈਂਟਾਂ ਨਾਲ ਸਕਰੀਨ ਤੇ Happy ਪਰਿੰਟ ਹੋਵੇਗਾ। ਅਸੀਂ ਦੇਖਦੇ ਹਾਂ ਕਿ name ਇੱਕ ਐਰੇ ਹੈ। ਇਸ ਵਿਚ Happy ਸਟਰਿੰਗ ਰੱਖਿਆ ਜਾਂਦਾ ਹੈ। ਤੁਸੀਂ ਦੇਖ ਸਕਦੇ ਹੋ ਕਿ Happy ਦੇ ਅੰਤ ਵਿੱਚ ਅਸੀਂ ਨੱਲ ('\0') ਰੱਖਿਆ ਹੈ। ਸਾਨੂੰ ਐਰੇ ਦਾ ਸਾਈਜ਼ ਵੀ ਦੱਸਣ ਦੀ ਲੋੜ ਨਹੀਂ ਪਈ, ਇਸ ਕੇਸ ਵਿੱਚ ਕੰਪਾਈਲਰ Happy ਦੇ ਅੱਖਰ ਗਿਣ ਕੇ ਖੁਦ ਹੀ ਐਰੇ ਦਾ ਸਾਈਜ਼ ਅਲਾਟ ਕਰ ਦਿੰਦਾ ਹੈ। ਉਪਰੋਕਤ ਉਦਾਹਰਣ ਵਿੱਚ ਐਰੇ ਦਾ ਸਾਈਜ਼ 6 ਰੱਖਿਆ ਜਾਵੇਗਾ। ਅਸੀਂ ਸਟਰਿੰਗ ਹੋਰ ਵੀ ਸੌਖੇ ਤਰੀਕੇ ਨਾਲ ਰੱਖ ਸਕਦੇ ਹਾਂ:

```
char name[]="Happy";
```

This is also perfectly correct. It will also make an array of 6 characters and keep Happy in it. At the 6^{th} place it will be null ('\0').

ਇਹ ਵੀ ਬਿਲਕੁਲ ਠੀਕ ਹੈ। ਇਸ ਨਾਲ ਵੀ 6 ਕਰੈਕਟਰਾਂ ਦਾ ਐਰੇ ਬਣੇਗਾ ਅਤੇ ਉਸ ਵਿੱਚ Happy ਜੋਵੇਗਾ। ਛੇਵੇਂ ਸਥਾਨ ਤੇ ਆਪੇ ਹੀ ਨੱਲ ('\0') ਪੈ ਜਾਵੇਗਾ।

ਸਟਰਿੰਗ ਫੰਕਸ਼ਨਸ (String Functions)

To work on strings C has given many functions.

ਸਟਰਿੰਗਸ ਤੇ ਕੰਮ ਕਰਨ ਲਈ ਸੀ ਨੇ ਕਈ ਬਣੇ-ਬਣਾਏ ਫੰਕਸ਼ਨ ਦਿੱਤੇ ਹਨ।

strlen()

This function gives us the length of the string.

ਇਹ ਫੰਕਸ਼ਨ ਸਾਨੂੰ ਸਟਰਿੰਗ ਦੀ ਲੰਬਾਈ (length) ਦਸਦਾ ਹੈ।

```
int l;
char name[20];

printf("Enter a name: ");
gets(name);

l=strlen(name);
printf("Length of name is %d",l);
```

We first keep an array of 20 characters. Then using gets() we scan a string from the user. gets() function can scan string with spaces also. Suppose you have entered Bhupinder Singh. scanf() will only scan Bhupinder. But gets() will scan full Bhupinder Singh. Then strlen() finds the length of Bhupinder Singh entered in name array, which is 15 and puts it in l variable. Remember that the space between Bhupinder and Singh will also be counted. Then we print the value of l.

ਅਸੀਂ ਪਹਿਲਾਂ 20 ਕਰੈਕਟਰਾਂ ਦਾ ਐਰੇ ਰੱਖਦੇ ਹਾਂ। ਫਿਰ ਅਸੀਂ gets() ਫੰਕਸ਼ਨ ਨਾਲ ਯੂਸਰ (ਵਰਤੋਂਕਰਤਾ) ਤੋਂ ਸਟਰਿੰਗ ਸਕੈਨ ਕਰਦੇ ਹਾਂ। gets() ਫੰਕਸ਼ਨ ਸਪੇਸ (ਖਾਲੀ ਥਾਂ) ਵੀ ਸਕੈਨ ਕਰ ਲੈਂਦਾ ਹੈ। ਮੰਨ ਲਵੋ ਤੁਸੀਂ Bhupinder Singh ਐਂਟਰ ਕੀਤਾ ਹੈ। scanf() ਇਕੱਲਾ Bhupinder ਹੀ ਲਵੇਗਾ। ਪਰ gets() ਪੂਰਾ Bhupinder Singh ਲਵੇਗਾ। ਫਿਰ strlen(), name ਵਿੱਚ ਪਏ Bhupinder Singh ਦੀ ਲੰਬਾਈ ਲੱਭ ਕੇ l ਵਿੱਚ ਪਾਉਂਦਾ ਹੈ, ਜੋ ਕਿ 15 ਹੈ। ਯਾਦ ਰੱਖੋ Bhupinder ਅਤੇ Singh ਵਿਚਕਾਰ ਜੋ ਸਪੇਸ ਹੈ, ਉਹ ਵੀ ਗਿਣੀ ਜਾਵੇਗੀ। ਫਿਰ ਅਸੀਂ l ਨੂੰ ਪਰਿੰਟ ਕਰਦੇ ਹਾਂ।

strcpy()

With this function we copy a string into another.

ਇਸ ਫੰਕਸ਼ਨ ਨਾਲ ਅਸੀਂ ਇੱਕ ਸਟਰਿੰਗ ਨੂੰ ਦੂਸਰੇ ਸਟਰਿੰਗ ਵਿੱਚ ਕਾਪੀ (ਨਕਲ) ਕਰਦੇ ਹਾਂ।

```
char sm[]="Arshdeep";
char sn[20];
strcpy(sn, sm);
```

By the above statements the string of sm that is Arshdeep will be copied into sn. Now both sm and sn will have Arshdeep.

ਉਪਰੋਕਤ ਸਟੇਟਮੈਂਟਾ ਨਾਲ sm ਦਾ ਸਟਰਿੰਗ, ਜੋ ਕਿ Arshdeep ਹੈ, sn ਵਿੱਚ ਕਾਪੀ ਹੋ ਜਾਵੇਗਾ। ਹੁਣ sm ਅਤੇ sn ਦੋਨਾਂ ਵਿੱਚ Arshdeep ਹੋਵੇਗਾ।

Remember, if there is any previous string in sm, it will be erased.

ਯਾਦ ਰੱਖੋ ਵਿੱਚ ਜੇ ਪਹਿਲਾਂ ਕੋਈ ਸਟਰਿੰਗ sm ਹੈ ਤਾਂ ਉਹ ਮਿਟ ਜਾਵੇਗਾ।

strcat()

This function concatenates (join) one string at the end of another.

ਇਸ ਫੰਕਸ਼ਨ ਨਾਲ ਇੱਕ ਸਟਰਿੰਗ ਨੂੰ ਦੂਸਰੇ ਦੇ ਪਿੱਛੇ ਜੋੜਿਆ ਜਾਂਦਾ ਹੈ।

```
char sm[30]="Arshdeep";
char sn[]="Akashdeep";
strcat(sm, sn);
```

Above we see that we have kept the size of sm as 30. If have have not kept 30, the compiler would have kept the size 9, which is one greater than the length of Arshdeep. We have kept the size 30 because we need space after Arshdeep to join Akashdeep. strcat() joins the string of sn at the end of sm. strcat() does not erase any existing string while joining. Now sm will have ArshdeepAkashdeep.

ਉਪਰ ਅਸੀਂ ਦੇਖਦੇ ਹਾਂ ਕਿ sm ਸਾਈਜ਼ ਅਸੀਂ 30 ਰੱਖਿਆ ਹੈ। ਜੇ ਅਸੀਂ 30 ਨਾ ਰਖਦੇ ਤਾਂ ਕੰਪਾਈਲਰ ਨੇ ਸਾਈਜ਼ 9 ਰੱਖਣਾ ਸੀ ਜੋ ਕਿ Arshdeep ਦੀ ਲੰਬਾਈ ਤੋਂ ਇੱਕ ਜਿਆਦਾ ਹੈ। ਅਸੀਂ ਲੰਬਾਈ 30 ਰੱਖੀ ਹੈ ਕਿਉਂਕਿ Arshdeep ਦੇ ਪਿੱਛੇ Akashdeep ਜੋੜਨ ਲਈ ਜਗਾ ਚਾਹੀਦੀ ਹੈ। strcat(), sm ਦੇ ਪਿੱਛੇ sn ਦਾ ਸਟਰਿੰਗ ਜੋੜਦਾ ਹੈ।strcat() ਕਾਪੀ ਕਰਦੇ ਸਮੇਂ ਪਿਹਲਾਂ ਵਾਲੇ ਸਟਰਿੰਗ ਨੂੰ ਨਹੀਂ ਮਿਟਾਉਂਦਾ। ਸੋ ਹੁਣ sm ਵਿਚ ArshdeepAkashdeep ਹੋਵੇਗਾ।

strcmp()

This is a very useful function which compares two strings and tells us if they are same or not. If both the strings are same, the result returned is 0. If the first string comes before the second string in A, B, C… order, the result will be a negative number like -37 etc. If the first string comes after the second string in A, B, C…. order the result will be any positive number like 37 etc.

ਇਹ ਵੀ ਬਹੁਤ ਉਪਯੋਗੀ ਫੰਕਸ਼ਨ ਹੈ ਜੋ ਸਾਨੂੰ ਦੋ ਸਟਰਿੰਗਾਂ ਦੀ ਤੁਲਨਾ ਕਰਕੇ ਦਸਦਾ ਹੈ ਕਿ ਇਹ ਇੱਕੋ ਜਿਹੇ ਹਨ ਕਿ ਨਹੀਂ। ਜੇ ਦੋਨੋਂ ਇੱਕੋ ਜਿਹੇ ਹੋਣ ਤਾਂ 0 ਰਿਸਲਟ ਦਿੰਦਾ ਹੈ। ਜੇ ਪਹਿਲਾ ਸਟਰਿੰਗ ਤਰਤੀਬ ਵਿੱਚ ਦੂਸਰੇ ਨਾਲੋਂ ਪਹਿਲਾਂ ਆਉਂਦਾ ਹੈ ਤਾਂ ਰਿਸਲਟ ਕੋਈ ਨੈਗਟਿਵ ਨੰਬਰ ਜਿਵੇਂ -37 ਵਗੈਰਾ ਹੋਵੇਗਾ। ਜੇ ਪਹਿਲਾ ਸਟਰਿੰਗ ਤਰਤੀਬ ਵਿੱਚ ਪਿੱਛੋਂ ਆਉਂਦਾ ਹੈ ਤਾਂ ਰਿਸਲਟ ਕੋਈ ਪੌਸਟਿਵ ਨੰਬਰ ਜਿਵੇਂ 37 ਵਗੈਰਾ ਹੋਵੇਗਾ।

```
char s1[]="Raman";
char s2[]="Akash";
char s3[]="Raman";
char s4[]="akash";

int n1, n2, n3;

n1=strcmp(s1, s2);
n2=strcmp(s1, s3);
n3=strcmp(s2, s4);
```

n1 will have a positive number, because Raman comes after Akash in alphabetical order. n2 will have 0 because Raman and Raman are same. n3 will have -32 because the difference between A and a of Akash and akash respectively is 32.

n1 ਵਿੱਚ ਕੋਈ ਪੌਸਟਿਵ ਨੰਬਰ ਹੋਵੇਗਾ, ਕਿਉਂਕਿ Raman, Akash ਤੋਂ ਤਰਤੀਬ ਵਿੱਚ ਪਿੱਛੋਂ ਆਉਂਦਾ ਹੈ। n2 ਵਿੱਚ 0 ਹੋਵੇਗਾ, ਕਿਉਂਕਿ Raman ਅਤੇ Raman ਇੱਕੋ ਜਿਹੇ ਹਨ। n3 ਵਿੱਚ -32 ਹੋਵੇਗਾ, ਕਿਉਂਕਿ Akash ਅਤੇ akash ਵਿੱਚ A ਅਤੇ a ਦੇ ਕੋਡ ਦਾ ਫਰਕ 32 ਹੁੰਦਾ ਹੈ।

strcmpi()

In the last case we have seen that strcmp() does not treat Akash and akash as equal because there is difference between code of A and a. But if we use strcmpi() function, they are treated as equal. In strcmpi(), the meaning of i is to ignore case.

